ਅਸੀਂ ਸੂਰਜ ਨੂੰ ਦੇਖ ਸਕਦੇ ਹਾਂ

ਮਿਕੋਲਾ ਗਿਲ
ਦਾਯਰ ਸਲਾਵਕੋਵਿਚ

ਅਸੀਂ ਸੂਰਜ ਨੂੰ
ਵੇਖ ਸਕਦੇ ਹਾਂ

ਮਿਕੋਲਾ ਗਿਲ

ਦਾਯਰ ਸਲਾਵਕੋਵਿਚ

ਅਨੁਵਾਦਕ - ਸੁੱਖਾ ਸਿੰਘ

ਟਾਈਟਲ ਕਵਰ ਅਤੇ ਰੇਖਾਚਿੱਤਰ — ਰਾਮਬਾਬੂ

ਅਨੁਰਾਗ ਟਰੱਸਟ

Brought to you by Archive of Punjab

ਕੀਮਤ — 10 ਰੁਪਏ

ਪਹਿਲਾ ਪੰਜਾਬੀ ਐਡੀਸ਼ਨ — ਸਤੰਬਰ 2011

ਪ੍ਰਕਾਸ਼ਕ

ਅਨੁਰਾਗ ਟਰੱਸਟ

ਡੀ-68, ਨਿਰਾਲਾਨਗਰ

ਲਖਨਊ - 226020

Brought to you by Archive of Punjab

ਅਸੀਂ ਸੂਰਜ ਨੂੰ ਵੇਖ ਸਕਦੇ ਹਾਂ

ਮਿਕੋਲਾ ਗਿਲ



ਉਹ ਇੱਕ ਸਿਪਾਹੀ ਸੀ।

ਉਹ 1941 ਵਿੱਚ ਸਿਪਾਹੀ ਬਣਿਆ, ਜਦੋਂ ਹਿਟਲਰ ਦੀ ਨਾਜ਼ੀ ਫ਼ੌਜ ਨੇ ਉਸ ਦੇ ਦੇਸ਼ ਉੱਤੇ ਹਮਲਾ ਕੀਤਾ।

ਉਹ ਕੋਈ ਸਧਾਰਨ ਸਿਪਾਹੀ ਨਹੀਂ ਸੀ। ਉਹ ਇੱਕ ਇੰਜੀਨੀਅਰ ਸੀ। ਫ਼ੌਜ ਵਿੱਚ ਇੰਜੀਨੀਅਰ ਦਾ ਕੰਮ ਖ਼ਤਰਨਾਕ ਅਤੇ ਔਖਾ ਹੁੰਦਾ ਹੈ। ਉਸ ਨੂੰ ਹਮੇਸ਼ਾ ਅੱਗੇ ਰਹਿਣਾ ਪੈਂਦਾ ਹੈ। ਜਦੋਂ ਟੈਂਕ ਅੱਗੇ ਵੱਧਦੇ ਹਨ ਤਾਂ ਟੈਂਕਾਂ ਤੋਂ ਪਹਿਲਾਂ ਇੰਜੀਨੀਅਰ ਨੂੰ ਜਾ ਕੇ ਬਰੂਦੀ ਸੁਰੰਗਾਂ ਹਟਾਉਣੀਆਂ ਪੈਂਦੀਆਂ ਹਨ।

ਇੰਜੀਨੀਅਰ ਨੂੰ ਬਹਾਦਰ ਹੋਣਾ ਚਾਹੀਦਾ ਹੈ। ਉਸ ਦਾ ਦਿਲ ਬਹੁਤ ਮਜ਼ਬੂਤ ਅਤੇ ਹੱਥ ਬਹੁਤ ਹੀ ਸੁਲਝੇ ਹੋਏ ਹੋਣੇ ਚਾਹੀਦੇ ਹਨ। ਜੇਕਰ ਹੱਥ ਕੰਬ ਜਾਣ ਤਾਂ ਬਰੂਦੀ ਸੁਰੰਗ ਉਸ ਦੇ ਹੱਥਾਂ ਵਿੱਚ ਹੀ ਫਟ ਜਾਵੇਗੀ।

ਸਾਡਾ ਸਿਪਾਹੀ ਬਹਾਦਰ ਸੀ। ਉਸ ਦਾ ਦਿਲ ਮਜ਼ਬੂਤ ਸੀ ਅਤੇ ਹੱਥ ਸੁਲਝੇ ਹੋਏ ਸਨ। ਉਸ ਨੇ ਕਦੇ ਗਲਤੀ ਨਹੀਂ ਸੀ ਕੀਤੀ। ਉਸ ਨੇ ਸੈਂਕੜੇ ਜਾਂ ਸ਼ਾਇਦ ਹਜ਼ਾਰਾਂ ਸੁਰੰਗਾਂ ਹਟਾਈਆਂ ਅਤੇ ਜਿੱਤ ਦਾ ਰਾਸਤਾ ਸਾਫ਼ ਕੀਤਾ। ਇਹ ਬਹੁਤ ਲੰਮਾ ਰਾਸਤਾ ਸੀ। ਚਾਰ ਸਾਲ ਬਾਅਦ 1945 ਵਿੱਚ ਲੜਾਈ ਖ਼ਤਮ ਹੋਈ।

ਸਿਪਾਹੀ ਨੇ ਸੋਚਿਆ ਕਿ ਹੁਣ ਫ਼ੌਜ ਵਿੱਚ ਉਸ ਦਾ ਕੰਮ ਖ਼ਤਮ ਹੋ ਗਿਆ ਹੈ। ਉਹ ਘਰ ਮੁੜ ਆਇਆ। ਉਸ ਨੂੰ ਉਮੀਦ ਸੀ ਕਿ ਹੁਣ ਉਹ ਹਲ਼ ਚਲਾਵੇਗਾ ਅਤੇ ਫ਼ਸਲ ਉਗਾਵੇਗਾ। ਪਰ ਉਦੋਂ ਹੀ ਇੱਕ ਹਾਦਸਾ ਵਾਪਰ ਗਿਆ। ਦੁਸ਼ਮਣ ਦੀ ਫ਼ੌਜ ਖੇਤਾਂ ਵਿੱਚ ਬਰੂਦੀ ਸੁਰੰਗਾਂ ਵਿਛਾ ਗਈ ਸੀ। ਇੱਕ

ਦਿਨ ਖੇਤ ਵਿੱਚ ਕੰਮ ਕਰਦੇ ਸਮੇਂ ਉਸ ਦਾ ਜਵਾਨ ਪੁੱਤਰ ਸੁਰੰਗ ਫਟਣ ਕਰਕੇ ਮਾਰਿਆ ਗਿਆ। ਸਿਪਾਹੀ ਨੇ ਯੁੱਧ ਵਿੱਚ ਕਈ ਵਾਰੀ ਮੌਤ ਵੇਖੀ ਸੀ ਪਰ ਜਦੋਂ ਉਸਦੇ ਪੁੱਤਰ ਦੀ ਮੌਤ ਹੋਈ ਤਾਂ ਸਦਮੇ ਕਾਰਨ ਉਸਦੇ ਵਾਲ਼ ਸਫ਼ੈਦ ਹੋ ਗਏ।

ਇੱਕ ਵਾਰ ਉਸ ਨੇ ਸੁਣਿਆ ਕਿ ਹਸਪਤਾਲ ਵਿੱਚ ਇੱਕ ਵੱਖਰਾ ਵਾਰਡ ਹੈ ਜਿੱਥੇ ਬਰੂਦੀ ਸੁਰੰਗਾਂ

ਨਾਲ਼ ਜ਼ਖ਼ਮੀ ਬੱਚੇ ਭਰਤੀ ਹਨ। ਉਹ ਉਨ੍ਹਾਂ ਨੂੰ ਮਿਲਣ ਗਿਆ। ਉਹਨਾਂ ਬੱਚਿਆਂ ਨੂੰ ਵੇਖ ਕੇ ਉਸ ਦਾ ਦਿਲ ਕੁਰਲਾ ਉੱਠਿਆ ਜਿਵੇਂ ਉਸ ਦੇ ਆਪਣੇ ਪੁੱਤਰ ਦੀ ਮੌਤ ਵੇਲ਼ੇ ਕੁਰਲਾਇਆ ਸੀ। ਇੱਕ ਬੱਚਾ ਉਸ ਨੂੰ ਹਮੇਸ਼ਾ ਯਾਦ ਰਿਹਾ। ਉਸ ਦੀਆਂ ਅੱਖਾਂ ਦੀ ਥਾਂ ਕੇਵਲ ਹੱਡੀਆਂ ਵਿਚਲੇ ਟੋਏ ਹੀ ਬਚੇ ਸਨ। ਉਸ ਬੱਚੇ ਦੇ ਸ਼ਬਦ ਉਸ ਦੇ ਕੰਨਾਂ ਵਿੱਚ ਗੂੰਜਦੇ ਰਹਿੰਦੇ: ਮੈਂ ਸੂਰਜ ਨੂੰ ਨਹੀਂ ਵੇਖ ਸਕਦਾ....”

ਇਸ ਲਈ ਸਿਪਾਹੀ ਨੇ ਇੱਕ ਵਾਰੀ ਮੁੜ ਫ਼ੌਜੀ ਵਰਦੀ ਪਹਿਨ ਲਈ। ਨਾਜ਼ੀ ਫ਼ੌਜ ਜਿਹੜੀਆਂ ਸੁਰੰਗਾਂ, ਅਣਚੱਲੇ ਗੋਲ਼ੇ ਅਤੇ ਬੰਬ ਛੱਡ ਗਈ ਸੀ, ਉਹ ਉਨ੍ਹਾਂ ਨੂੰ ਹਟਾਉਣ ਲੱਗ ਗਿਆ। ਜਦੋਂ ਵੀ ਉਹ ਕਿਸੇ ਸੁਰੰਗ ਨੂੰ ਨਕਾਰਾ ਕਰਦਾ ਤਾਂ ਗੁੱਸੇ ਅਤੇ ਨਫ਼ਰਤ ਨਾਲ਼ ਉਸ ਨੂੰ ਪਰ੍ਹਾਂ ਵਗਾਹ ਮਾਰਦਾ ਜਿਵੇਂ ਉਹ



ਕੋਈ ਜ਼ਹਿਰੀਲਾ ਨਾਗ ਹੋਵੇ। ਉਹ ਬੁੜਬੁੜਾਉਂਦਾ, ਹੁਣ ਤੁਸੀਂ ਕਿਸੇ ਬੱਚੇ ਦੀਆਂ ਅੱਖਾਂ ਵਿੱਚੋਂ ਸੂਰਜ ਨਹੀਂ ਖੋਹ ਸਕਦੇ।”

ਸਿਪਾਹੀ ਕਈ ਸਾਲਾਂ ਤੱਕ ਆਪਣਾ ਖ਼ਤਰਨਾਕ ਕੰਮ ਕਰਦਾ ਰਿਹਾ ਤਾਂ ਕਿ ਲੋਕ ਬਿਨਾਂ ਕਿਸੇ ਭੈਅ ਦੇ ਹਰ ਥਾਂ ਘੁੰਮ ਫਿਰ ਸਕਣ ਅਤੇ ਬੱਚਿਆਂ ਦਾ ਜਿੱਥੇ ਦਿਲ ਕਰੇ ਖੇਡ ਸਕਣ।

ਦੂਸਰੇ ਦੇਸ਼ਾਂ ਵਿੱਚ ਵੀ ਲੜਾਈਆਂ ਜਾਰੀ ਸਨ। ਅਫ਼ਰੀਕਾ ਦੇ ਕਈ ਦੇਸ਼ਾਂ ਵਿੱਚ ਲੋਕ ਆਪਣੀ



ਅਜ਼ਾਦੀ ਲਈ ਲੜ ਰਹੇ ਸਨ। ਉੱਥੇ ਵੀ ਲੋਕਾਂ ਦੇ ਦੁਸ਼ਮਣਾਂ ਨੇ ਬਰੂਦੀ ਸੁਰੰਗਾਂ, ਬੰਬ ਅਤੇ ਗੋਲ਼ਿਆਂ ਨਾਲ਼ ਧਰਤੀ ਨੂੰ ਲਹੂ-ਲੁਹਾਣ ਕੀਤਾ ਹੋਇਆ ਸੀ। ਉੱਥੇ ਵੀ ਹਸਪਤਾਲਾਂ ਵਿੱਚ ਜ਼ਖ਼ਮੀ ਬੱਚਿਆਂ ਨਾਲ਼ ਭਰੇ ਵਾਰਡ ਸਨ।

ਅਜ਼ਾਦੀ ਤੋਂ ਬਾਅਦ ਇੱਕ ਦੇਸ਼ ਦੀ ਸਰਕਾਰ ਦੀ ਬੇਨਤੀ 'ਤੇ ਸੋਵੀਅਤ ਸੰਘ ਦੇ ਉਸ ਸਿਪਾਹੀ ਨੂੰ ਬਰੂਦੀ ਸੁਰੰਗਾਂ ਹਟਾਉਣ ਲਈ ਉੱਥੇ ਭੇਜਿਆ ਗਿਆ।

ਉਸ ਨੇ ਫਿਰ ਕੋਈ ਗ਼ਲਤੀ ਨਹੀਂ ਕੀਤੀ। ਉਸ ਦੇ ਹੱਥ ਕਦੇ ਨਹੀਂ ਕੰਬੇ। ਉਸ ਨੇ ਹਜ਼ਾਰਾਂ ਸੁਰੰਗਾਂ ਅਤੇ ਬੰਬਾਂ ਨੂੰ ਨਕਾਰਾ ਕੀਤਾ। ਉਸ ਦੁਰੇਡੇ ਅਫ਼ਰੀਕੀ ਦੇਸ਼ ਵਿੱਚ ਵੀ ਉਹ ਸੁਰੰਗ ਰੂਪੀ ਜ਼ਹਿਰੀਲੇ ਨਾਗਾਂ ਦੇ ਦੰਦ ਤੋੜ ਕੇ ਸੁੱਟਦਾ ਹੋਇਆ ਕਹਿੰਦਾ ਸੀ: "ਹੁਣ ਤੁਸੀਂ ਕਦੀ ਕਿਸੇ ਬੱਚੇ ਦੀਆਂ ਅੱਖਾਂ ਵਿੱਚੋਂ ਸੂਰਜ ਨਹੀਂ ਖੋਹ ਸਕਦੇ।"

ਉਸ ਨੂੰ ਇੱਕ ਛੋਟਾ ਜਿਹਾ ਪਿੰਡ ਜ਼ਿੰਦਗੀ ਭਰ ਯਾਦ ਰਿਹਾ। ਸਾਰੇ ਪਿੰਡ ਵਾਲ਼ਿਆਂ ਨੇ ਸਿਪਾਹੀ ਦਾ ਸਵਾਗਤ ਕੀਤਾ। ਉਹ ਜਾਣਦੇ ਸਨ ਕਿ ਮਜ਼ਦੂਰਾਂ ਦੇ ਰਾਜ ਤੋਂ ਆਇਆ ਇਹ ਸਿਪਾਹੀ ਸੱਚੇ ਦਿਲ ਨਾਲ਼ ਉਹਨਾਂ ਦੀ ਮੱਦਦ ਕਰੇਗਾ। ਉਸ ਨੂੰ ਇੱਕ ਛੋਟੀ ਬੱਚੀ ਯਾਦ ਸੀ ਜਿਸ ਨੇ ਉਸ ਨੂੰ ਜੰਗਲ਼ੀ ਫੁੱਲਾਂ ਦਾ ਇੱਕ ਗੁਲਦਸਤਾ ਭੇਟ ਕੀਤਾ। ਬੱਚੀ ਦਾ ਰੰਗ ਸਾਂਵਲਾ ਸੀ ਅਤੇ ਉਸ ਦੀ ਮੁਸਕਾਨ ਨਾਲ਼ ਉਸ ਦਾ ਗੋਲ਼ ਚਿਹਰਾ ਚਮਕ ਉੱਠਦਾ ਸੀ। ਸਿਪਾਹੀ ਨੇ ਹੁਣ ਉਸ ਪਿੰਡ ਦੇ ਖੇਤਾਂ ਵਿੱਚੋਂ ਸੁਰੰਗਾਂ ਹਟਾਉਣੀਆਂ

ਸਨ ਜਿੱਥੇ ਲੰਮਾ ਲੰਮਾ ਘਾਹ ਉੱਗਿਆ ਹੋਇਆ ਸੀ। ਕਿਸਾਨਾਂ ਨੇ ਖੇਤਾਂ ਵਿੱਚ ਹਲ਼ ਚਲਾਉਣ ਦੀ ਕੋਸ਼ਿਸ਼ ਕੀਤੀ ਪਰ ਕਈ ਕਿਸਾਨ ਖੇਤਾਂ ਵਿੱਚੋਂ ਫਿਰ ਕਦੀ ਵਾਪਸ ਨਾ ਆਏ।

ਸਿਪਾਹੀ ਨੇ ਖੇਤ ਲਗਭਗ ਸਾਫ਼ ਕਰ ਦਿੱਤੇ ਸਨ। ਬਸ ਇੱਕ ਛੋਟਾ ਜਿਹਾ ਹਿੱਸਾ ਬਾਕੀ ਬਚਿਆ ਸੀ। ਪਰ ਸਿਪਾਹੀ ਬਹੁਤ ਥੱਕਿਆ ਹੋਇਆ ਸੀ।

ਉਸ ਸ਼ਾਮ ਇੱਕ ਧਮਾਕੇ ਨਾਲ਼ ਪਿੰਡ ਕੰਬ ਉੱਠਿਆ। ਕਿਸਾਨ ਸਮਝ ਗਏ ਕਿ ਕੀ ਹੋਇਆ ਸੀ। ਉਹ ਸਿਪਾਹੀ ਨੂੰ ਪਿੰਡ ਵਿੱਚ ਲੈ ਆਏ। ਉਹ ਜਿਊਂਦਾ ਸੀ ਪਰ ਉਸ ਦੀਆਂ ਅੱਖਾਂ ਵਿੱਚੋਂ ਸੂਰਜ ਹਮੇਸ਼ਾ-ਹਮੇਸ਼ਾ ਲਈ ਖੁੱਸ ਗਿਆ ਸੀ। ਉਹ ਅਫ਼ਰੀਕਾ ਦੀ ਤਪਦੀ ਧੁੱਪ ਨੂੰ ਮਹਿਸੂਸ ਕਰ ਸਕਦਾ ਸੀ ਪਰ ਉਸ ਨੂੰ ਵੇਖ ਨਹੀਂ ਸਕਦਾ ਸੀ।

ਹਜ਼ਾਰਾਂ ਲੋਕ ਉਸ ਨੂੰ ਵਿਦਾਈ ਦੇਣ ਆਏ। ਸਾਂਵਲੀ ਲੜਕੀ ਨੇ ਫਿਰ ਉਸ ਨੂੰ ਫੁੱਲਾਂ ਦਾ ਗੁਲਦਸਤਾ ਦਿੱਤਾ ਭਾਵੇਂ ਕਿ ਉਹ ਉਸ ਨੂੰ ਵੇਖ ਨਹੀਂ ਸਕਦਾ ਸੀ, ਪਰ ਉਹ ਉਸ ਨੂੰ ਪਹਿਚਾਣ ਗਿਆ। ਉਸ ਦੇ ਮਜ਼ਬੂਤ ਹੱਥਾਂ ਨੇ ਬੱਚੀ ਦੇ ਰੁੱਖੇ ਵਾਲ਼ਾਂ ਨੂੰ ਪਿਆਰ ਨਾਲ਼ ਪਲੋਸਿਆ। ਸ਼ਾਇਦ ਪਹਿਲੀ ਵਾਰੀ

ਉਸਦਾ ਹੱਥ ਕੰਬ ਉੱਠਿਆ।

ਘਰ ਪਹੁੰਚਣ ’ਤੇ ਉਸ ਨੂੰ ਪਤਾ ਲੱਗਾ ਕਿ ਉਹ ਨਾਨਾ ਬਣ ਗਿਆ ਹੈ। ਉਸ ਦੀ ਪੁੱਤਰੀ ਨੇ ਇੱਕ ਪਿਆਰੀ ਜਿਹੀ ਬੱਚੀ ਨੂੰ ਜਨਮ ਦਿੱਤਾ ਸੀ। ਉਹ ਬਹੁਤ ਗੋਰੀ ਸੀ ਅਤੇ ਉਸ ਦੀਆਂ ਅੱਖਾਂ ਨੀਲੀਆਂ ਸਨ। ਪਰ ਸਿਪਾਹੀ ਦੇ ਘਰ ਵਾਲ਼ਿਆਂ ਨੂੰ ਇਹ ਵੇਖ ਕੇ ਬਹੁਤ ਹੈਰਾਨੀ ਹੁੰਦੀ ਸੀ ਕਿ ਉਹ ਹਮੇਸ਼ਾਂ ਬੱਚੀ ਨੂੰ ‘ਸਾਂਵਲੀ’ ਕਹਿ ਕੇ ਬੁਲਾਉਂਦਾ ਸੀ। ਸ਼ਾਇਦ ਇਸ ਲਈ ਕਿ ਉਸਨੇ ਜਿਸ ਬੱਚੀ ਨੂੰ ਆਖ਼ਰੀ ਵਾਰੀ ਵੇਖਿਆ ਸੀ ਉਹ ਫੁੱਲ ਵਾਂਗ ਖਿੜ੍ਹੇ ਹੋਏ ਚਿਹਰੇ ਵਾਲ਼ੀ ਸਾਂਵਲੀ ਲੜਕੀ ਹੀ ਸੀ।

ਅਸੀਂ ਸਾਰੇ ਸੂਰਜ ਨੂੰ ਵੇਖ ਸਕਦੇ ਹਾਂ। ਤੁਸੀਂ ਉਸ ਨੂੰ ਵੇਖ ਸਕਦੇ ਹੋ, ਮੈਂ ਵੀ ਵੇਖ ਸਕਦਾ ਹਾਂ। ਪਰ ਸਫ਼ੈਦ ਵਾਲ਼ਾਂ ਵਾਲ਼ਾ ਇੱਕ ਲੰਮਾ ਆਦਮੀ ਸੋਟੀ ਦੇ ਸਹਾਰੇ ਸੜਕ ਉੱਤੇ ਤੁਰਿਆ ਜਾ ਰਿਹਾ ਹੈ। ਸੂਰਜ ਉਸ ਦੇ ਚਿਹਰੇ ਉੱਤੇ ਚਮਕਦਾ ਹੈ ਪਰ ਉਹ ਸੂਰਜ ਨੂੰ ਵੇਖ ਨਹੀਂ ਸਕਦਾ। ਸਾਨੂੰ ਪਿਆਰ ਅਤੇ ਸਤਿਕਾਰ ਨਾਲ਼ ਉਸ ਨੂੰ ਸਲਾਮ ਕਰਨਾ ਚਾਹੀਦਾ ਹੈ।

ਡਾਕ ਦੇ ਡੱਬੇ ਵਿੱਚ ਫੁੱਲ

ਦਾਯਰ ਸਲਾਵਕੋਵਿਚ



ਨਾਸਤਯਾ ਮਹਿਲਾ ਡਾਕੀਏ ਨੂੰ ਗੇਟ ਉੱਤੇ ਹੀ ਮਿਲ ਪਈ ਸੀ ਅਤੇ ਉਸ ਨੇ ਅਖ਼ਬਾਰ ਫੜ ਲਿਆ। ਮਹਿਲਾ ਡਾਕੀਆ ਆਪਣੇ ਭਰਵੱਟਿਆਂ ਤੋਂ ਪਸੀਨਾ ਪੂੰਝ ਰਹੀ ਸੀ। "ਆਂਟੀ ਮਰੀਨਾ, ਕੀ ਤੁਹਾਨੂੰ ਏਨਾ ਭਾਰਾ ਝੋਲ਼ਾ ਚੁੱਕ ਕੇ ਔਖ ਮਹਿਸੂਸ ਨਹੀਂ ਹੁੰਦੀ ?"

"ਹੋਰ ਕੀ। ਜ਼ਰਾ ਤੂੰ ਖੁਦ ਚੁੱਕ ਕੇ ਵੇਖ ਨਾ!"

"ਤੁਹਾਡੇ ਕੋਲ਼ ਏਨੇ ਸਾਰੇ ਅਖ਼ਬਾਰ ਕਿਉਂ ਹਨ ?"

"ਕਿਉਂਕਿ ਲੋਕ ਬਹੁਤ ਸਾਰੇ ਅਖ਼ਬਾਰ ਮੰਗਦੇ ਹਨ। ਉਹ ਬਹੁਤ ਸਾਰੇ ਅਖ਼ਬਾਰ ਪੜ੍ਹਦੇ ਹਨ ਜਿਨ੍ਹਾਂ ਤੋਂ ਕਿ ਉਨ੍ਹਾਂ ਨੂੰ ਹੋਰ ਜਾਣਕਾਰੀ ਮਿਲ਼ੇ।"

"ਕੀ ਮੈਂ ਤੁਹਾਡੀ ਸਹਾਇਤਾ ਕਰ ਸਕਦੀ ਹਾਂ ?"

"ਤੂੰ ਮੇਰੀ ਸਹਾਇਤਾ ਕਿਵੇਂ ਕਰੇਗੀ ? ਪਿਆਰੀ ਜਿਹੀ ਕੁੜੀਏ ? ਇਹ ਥੈਲਾ ਤੇਰੇ ਨੰਨ੍ਹੇ ਮੋਢਿਆਂ ਲਈ ਬਹੁਤ ਭਾਰੀ ਹੈ।"

"ਮੈਂ ਤੁਹਾਡੇ ਨਾਲ਼ ਸੜਕ 'ਤੇ ਚੱਲਾਂਗੀ। ਇੱਕ ਘਰ ਵਿੱਚ ਅਖ਼ਬਾਰ ਤੁਸੀਂ ਲੈ ਜਾਇਓ, ਮੈਂ ਦੂਜਾ ਅਖ਼ਬਾਰ ਦੂਜੇ ਘਰ ਲੈ ਜਾਵਾਂਗੀ। ਆਪਾਂ ਕੰਮ ਫੁਰਤੀ ਨਾਲ਼ ਨਬੇੜ ਲਵਾਂਗੇ ਅਤੇ ਫਿਰ ਤੁਹਾਡੇ ਲਈ ਇਹ ਕੰਮ ਹੋਰ ਸੌਖਾ ਹੋ ਜਾਵੇਗਾ।"

"ਤੈਨੂੰ ਏਨੀ ਤਕਲੀਫ ਕਰਨ ਦੀ ਕੀ ਲੋੜ ਹੈ, ਤੇਰੇ ਪੈਰ ਥੱਕ ਜਾਣਗੇ।"

"ਇਹ ਤਾਂ ਕੁਝ ਵੀ ਨਹੀਂ ਹੈ।"

ਇਸ ਤਰ੍ਹਾਂ ਉਹ ਇਕੱਠੀਆਂ ਤੁਰਦੀਆਂ ਗਈਆਂ। ਆਂਟੀ ਮਰੀਨਾ ਇੱਕ ਘਰ ਵਿੱਚ ਗਈ, ਨਾਸਤਯਾ ਦੂਜੇ ਘਰ ਵਿੱਚ।

ਉਹਨਾਂ ਨੇ ਅੱਧੇ ਘੰਟੇ ਵਿੱਚ ਸ਼ਹਿਰ ਦਾ ਇੱਕ ਚੱਕਰ ਪੂਰਾ ਕਰ ਲਿਆ। ਇਹ ਤਰੀਕਾ ਤੇਜ਼ ਅਤੇ ਕਾਰਗਰ ਸੀ। ਸਿਰਫ਼ ਇੱਕ ਮੁਸ਼ਕਲ ਸੀ: ਤਿੰਨ ਘਰਾਂ ਵਿੱਚ ਪੋਸਟ-ਬੌਕਸ ਏਨੀ ਉਚਾਈ ਉੱਤੇ ਟੰਗੇ ਹੋਏ ਸਨ ਕਿ ਨਾਸਤਯਾ ਦਾ ਹੱਥ ਉਹਨਾਂ ਤੱਕ ਪਹੁੰਚ ਹੀ ਨਹੀਂ ਸਕਦਾ ਸੀ।

"ਤੂੰ ਮੇਰੀ ਬਹੁਤ ਸਹਾਇਤਾ ਕੀਤੀ ਹੈ।" ਉਸ ਤੋਂ ਵਿਛੜਦੇ ਹੋਏ ਆਂਟੀ ਮਰੀਨਾ ਨੇ ਕਿਹਾ। "ਧੰਨਵਾਦ ਮੇਰੀ ਸਹਾਇਕ।"

ਉਸ ਦਿਨ ਤੋਂ ਲੈ ਕੇ ਨਾਸਤਯਾ ਹਰ ਰੋਜ਼ ਸ਼ਹਿਰ ਦੇ ਪਰਲੇ ਪਾਸੇ ਤੱਕ ਜਾਣ ਲੱਗ ਪਈ। ਉਹ ਪੁਲ਼ 'ਤੇ ਆਂਟੀ ਮਰੀਨਾ ਨੂੰ ਮਿਲਣ ਜਾਂਦੀ ਅਤੇ ਫੇਰ ਦੋਵੇਂ ਆਪਣੇ-ਆਪਣੇ ਹਿੱਸੇ ਦੀ ਡਾਕ ਲੈ ਕੇ ਤੁਰ ਪੈਂਦੀਆਂ।

ਲੋਕਾਂ ਨੇ ਨਾਸਤਯਾ ਨੂੰ ਡਾਕੀਆ ਲੜਕੀ ਕਹਿ ਕੇ ਬੁਲਾਉਣਾ ਸ਼ੁਰੂ ਕਰ ਦਿੱਤਾ ਸੀ। ਇਹ ਸ਼ਬਦ ਉਸ ਨੂੰ ਬਹੁਤ ਚੰਗੇ ਲੱਗਦੇ ਸਨ।

"ਅੱਜ ਸਾਡੇ ਲਈ ਸਿਰਫ ਇੱਕ ਅਖ਼ਬਾਰ ਹੈ?" ਇੱਕ ਘਰ ਵਿੱਚ ਲੋਕਾਂ ਨੇ ਪੁੱਛਿਆ।

"ਹਾਂ ਸਿਰਫ਼ ਇੱਕ ਅਖ਼ਬਾਰ, ਪਰ ਇਹ ਬਹੁਤ ਦਿਲਚਸਪ ਹੈ," ਉਸ ਨੇ ਉੱਤਰ ਦਿੱਤਾ।

"ਕੋਈ ਚਿੱਠੀ ਨਾਸਤਯਾ?" ਦੂਜੇ ਘਰ ਵਾਲ਼ੇ ਲੋਕਾਂ ਨੇ ਪੁੱਛਿਆ।

"ਲੋਕ ਅਜੇ ਚਿੱਠੀਆਂ ਲਿਖ ਹੀ ਰਹੇ ਹਨ," ਨਾਸਤਯਾ ਨੇ ਆਂਟੀ ਮਰੀਨਾ ਵਾਂਗ ਮਜ਼ਾਕ ਕੀਤਾ।

ਬੁੱਢੀ ਅਧਿਆਪਕਾ ਉਸ ਦਾ ਬਹੁਤ ਗਰਮਜੋਸ਼ੀ ਨਾਲ਼ ਸਵਾਗਤ ਕਰਦੀ ਸੀ। ਡਾਕੀਆ

ਲੜਕੀ ਨੂੰ ਉਸ ਦੇ ਘਰ ਆਉਣਾ ਚੰਗਾ ਲੱਗਦਾ ਸੀ। ਪਰ, ਸੋਮਵਾਰ ਵਾਲ਼ੇ ਦਿਨ ਉਸ ਬੁੱਢੀ ਅਧਿਆਪਕਾ ਨੂੰ ਦੇਣ ਲਈ ਉਸ ਕੋਲ਼ ਕੁਝ ਵੀ ਨਹੀਂ ਸੀ।

"ਆਂਟੀ ਮਰੀਨਾ ਅੱਜ ਅਸੀਂ ਉਸ ਅਧਿਆਪਕਾ ਲਈ ਕੁਝ ਵੀ ਕਿਉਂ ਨਹੀਂ ਲਿਜਾ ਰਹੇ ?"

"ਉਹਨਾਂ ਦਾ ਅਖ਼ਬਾਰ ਸੋਮਵਾਰ ਨੂੰ ਨਹੀਂ ਆਉਂਦਾ ਅਤੇ ਉਸ ਲਈ ਕੋਈ ਚਿੱਠੀ ਪੱਤਰ ਵੀ ਨਹੀਂ ਹੈ।"

ਨਾਸਤਯਾ ਨੂੰ ਉਸ ਬੁੱਢੀ ਅਧਿਆਪਕਾ ਲਈ ਬਹੁਤ ਦੁੱਖ ਹੋਇਆ: "ਸ਼ਾਇਦ ਉਹ ਇਕੱਲੀ ਬੈਠੀ ਸੋਚ ਰਹੀ ਹੋਵੇਗੀ: 'ਡਾਕੀਆ ਲੜਕੀ ਅੱਜ ਨਹੀਂ ਆਈ। ਜ਼ਰੂਰ ਆਲਸੀ ਹੋ ਗਈ ਹੈ', ਸ਼ਾਇਦ..." ਇਸ ਅਣਚਾਹੇ ਵਿਚਾਰ ਨੇ ਉਸ ਨੂੰ ਹਲੂਣਿਆ।

ਜਦੋਂ ਉਹ ਆਂਟੀ ਮਰੀਨਾ ਨਾਲ਼ ਡਾਕ ਵੰਡਣ ਦਾ ਕੰਮ ਖ਼ਤਮ ਕਰਕੇ ਵਾਪਸ ਮੁੜਨ ਲੱਗੀ, ਤਾਂ ਨਾਸਤਯਾ ਸ਼ਹਿਰੋਂ ਬਾਹਰ ਦੌੜਦੀ ਹੋਈ ਖੇਤਾਂ ਵੱਲ ਚਲੀ ਗਈ ਜਿੱਥੇ ਸਨੁਕੜੇ ਦੇ ਫੁੱਲ ਖਿੜੇ ਹੋਏ ਸਨ ਅਤੇ ਕਣਕ ਦੀ ਫਸਲ ਉੱਗੀ ਹੋਈ ਸੀ।

ਉਸ ਨੇ ਬਹੁਤ ਸਾਰੇ ਤਾਜ਼ੇ ਫੁੱਲ ਚੁਗੇ। ਉਸ ਦਿਨ ਅਧਿਆਪਕਾ ਨੂੰ ਆਪਣੇ ਘਰ ਅੱਗੇ ਟੰਗੇ ਪੋਸਟ ਬੌਕਸ ਵਿੱਚੋਂ ਫੁੱਲਾਂ ਦਾ ਇੱਕ ਗੁਲਦਸਤਾ ਮਿਲ਼ਿਆ। ਅਧਿਆਪਕਾ ਨੇ ਬਹੁਤ ਸਾਵਧਾਨੀ ਅਤੇ ਸਲੀਕੇ ਨਾਲ਼ ਫੁੱਲਾਂ ਨੂੰ ਪੋਸਟ ਬੌਕਸ ਵਿੱਚੋਂ ਬਾਹਰ ਕੱਢਿਆ ਅਤੇ ਉਹਨਾਂ ਨੂੰ ਆਪਣੇ ਮੂੰਹ ਦੇ ਕੋਲ਼ ਕੀਤਾ। ਉਸ ਦੇ ਚਿਹਰੇ ਦੀਆਂ ਝੁਰੜੀਆਂ ਮਿਟ ਗਈਆਂ, ਉਹ ਜਵਾਨ ਵਿਖਾਈ ਦੇਣ ਲੱਗੀ ਅਤੇ ਉਸ ਦਾ ਚਿਹਰਾ ਖੁਸ਼ੀ ਨਾਲ਼ ਫੁੱਲਾਂ ਵਾਂਗ ਹੀ ਖਿੜ ਉੱਠਿਆ।

ਅਨੁਰਾਗ
ਟਰੱਸਟ